**Series SGN**

**SET-4**

ਕੋਡ ਨੰ. **223**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **5** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **5** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸਮਾਜਸ਼ਾਸਤ੍ਰ

## (ਪੰਜਾਬੀ ਉਲਥਾ)

# SOCIOLOGY

## (Punjabi Version)

*ਸਮਾਂ ਸੀਮਾ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

*ਵਿਆਪਕ ਨਿਰਦੇਸ਼ :*

*(i)* *ਪ੍ਰਸ਼ਨਾਂ ਦੀ ਕੁਲ ਸੰਖਿਆ* ***25*** *ਹੈ ।*

*(ii)* ***ਸਾਰੇ*** *ਪ੍ਰਸ਼ਨ* ***ਜ਼ਰੂਰੀ*** *ਹਨ ।*

*(iii)* *ਪ੍ਰਸ਼ਨ ਸੰਖਿਆ* ***1 – 14*** *ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***2*** *ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ* ***30*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ* ***15 – 21*** *ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***4*** *ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ* ***80*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***22 – 25*** *ਤਕ ਬਹੁਤ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ* ***6*** *ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ* ***200*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ । ਪ੍ਰਸ਼ਨ ਸੰਖਿਆ* ***25*** *ਦਾ ਉੱਤਰ ਦਿੱਤੇ ਹੋਏ ਪੈਰੇ ਦੇ ਆਧਾਰ ਤੇ ਦੇਣਾ ਹੈ ।*

**1.** ਆਬਾਦੀ (ਜਨਸੰਖਿਆ) ਦੀ ਆਯੂ ਸੰਰਚਨਾ ਦਾ ਕੀ ਅਰਥ ਹੈ ? *2*

**2.** ਉਹ ਕਿਹੜੇ ਦੋ ਮਹਤਵਪੂਰਨ ਕਾਰਨ ਸਨ ਜਿਨ੍ਹਾਂ ਕਰਕੇ ਜਨਜਾਤੀ ਅੰਦੋਲਨਾਂ ਦਾ ਜਨਮ ਹੋਇਆ ? *1+1=2*

**3.** ਲੇਸ–ਏ–ਫੇਯਰ (ਅਹਸਤਖੇਪ) ਦਾ ਕੀ ਅਰਥ ਹੈ ? *2*

**4.** ਖੇਤਰਵਾਦ ਨੂੰ ਉਕਸਾਣ ਵਾਲੇ ਕੋਈ ਦੋ ਕਾਰਕ ਲਿੱਖੋ । *1+1=2*

**5.** ਘਟ ਗਿਣਤੀਆਂ ਨੂੰ ਸੰਵਿਧਾਨਕ ਸੁਰਖਿਆ ਕਿਉਂ ਦਿਤੀ ਜਾਣੀ ਚਾਹੀਦੀ ਹੈ ? *2*

**6.** ਬਸਤੀਵਾਦੀ ਕਨੂੰਨ ਕਿਵੇਂ ਚਾਹ ਬਾਗਾਨਾਂ ਦੇ ਮਾਲਕਾਂ ਅਤੇ ਪ੍ਰਬੰਧਕਾਂ ਦੇ ਪੱਖ ਵਿਚ ਸਨ ? *2*

**7.** ਸੰਸਕ੍ਰਿਤੀਕਰਣ ਦਾ ਅਰਥ ਪਰਿਵਰਤਨ ਦੀ ਪ੍ਰਕਿਰਿਆ ਦੇ ਰੂਪ ਵਿਚ ਵਿਆਖਿਆ ਕਰੋ । *2*

**8.** ਹੇਠਲੇ ਪਧੱਰ ਦੇ ਲੋਕਾਂ ਨੂੰ ਨਿਆਂ ਦਿਵਾਣ ਦੇ ਲਈ ਨਿਆਂ ਪੰਚਾਇਤਾਂ ਦੀ ਕੀ ਭੂਮਿਕਾ ਹੈ ? *2*

9. ਬੈਨੇਡਿਕਟ ਏਂਡਰਸਨ ਰਾਹੀਂ ਲਿਖੇ ਗਏ ਵੀਚਾਰ 'ਕਲਪਨਾ ਸਮੁਦਾਏ' ਦੇ ਬਾਰੇ ਤੁਸੀਂ ਕੀ ਸਮਝਦੇ ਹੋ ? *2*

10. ਰਾਸ਼ਟਰੀ ਦੈਨਿਕ ਕੀ ਹੁੰਦੇ ਹਨ ? ਕਿਸੇ ਦੋ ਦੇ ਨਾਮ ਲਿਖੋ । *1+1=2*

11. ਸਮਾਚਾਰ ਪਤਰਾਂ ਦੇ ਖੇਤਰ ਵਿਚ ਸਵੈਚਾਲਨ (automation) ਨਾਲ ਕੀ ਪਰਿਵਰਤਨ ਆਏ ? *2*

12. ਵਿਆਪਕ ਬਾਲਗ ਮਤ ਅਧਿਕਾਰ ਤੋਂ ਤੁਸੀਂ ਕੀ ਸਮਝਦੇ ਹੋ ? *2*

13. ਬੰਬੇ ਕਪੜਾ ਮਿਲ ਮਜ਼ਦੂਰਾਂ ਦੀਆਂ ਮੰਗਾਂ ਕੀ ਸਨ ? *2*

14. ਸੁਧਾਰਵਾਦੀ ਅਤੇ ਕ੍ਰਾਂਤੀਕਾਰੀ ਅੰਦੋਲਨਾਂ ਦੇ ਦਰਮਿਆਨ ਅੰਤਰ ਸਪਸ਼ਟ ਕਰੋ । *1+1=2*

15. ਜਨਅੰਕੜਾ ਵਿਗਿਆਨੀਆਂ ਅਤੇ ਸਮਾਜਸ਼ਾਸਤ੍ਰੀਆਂ ਦੇ ਅਨੁਸਾਰ ਭਾਰਤ ਵਿਚ ਬਾਲ–ਲਿੰਗ ਅਨੁਪਾਤ ਵਿਚ ਕਮੀ ਆਣ ਦੇ ਕਾਰਨ ਕੀ ਹਨ ? *4*

**ਜਾਂ**

ਭਾਰਤ ਵਿਚ ਖੇਤਰੀ ਪ੍ਰਤਿਸਥਾਪਨ (ਅਦਲਾ ਬਦਲੀ) ਦੇ ਸਤਰ ਦੇ ਖੇਤਰੀ ਵਿਵਿਧਤਾਵਾਂ ਦੇ ਕਾਰਨ ਲਿੱਖੋ ।

16. 'ਜਨਜਾਤੀ ਲੋਕਾਂ ਨੂੰ ਬਾਕੀ ਭਾਰਤੀ ਸਮਾਜ ਦੇ ਵਿਕਾਸ ਦੇ ਲਈ ਅਨੁਪਾਤ ਤੋਂ ਵਧੇਰੇ ਕੀਮਤ ਚੁਕਾਣੀ ਪਈ ।' 'ਰਾਸ਼ਟਰੀ ਵਿਕਾਸ' ਅਤੇ 'ਜਨਜਾਤੀ ਵਿਕਾਸ' ਵਿਚ ਸੰਘਰਸ਼ ਦੇ ਸਰੋਤ ਉਪਰ ਪ੍ਰਕਾਸ਼ ਪਾਓ । *4*

17. ਕੀ ਤੁਸੀਂ ਇਸ ਗਲ ਨਾਲ ਸਹਿਮਤ ਹੋ ਕਿ ਭਾਰਤ ਵਿਚ ਉਦਾਰੀਕਰਣ ਦੀ ਨੀਤੀ ਨਾਲ ਸਾਰੇ ਵਰਗਾਂ ਨੂੰ ਲਾਭ ਹੋਇਆ ਹੈ ? ਉਦਾਹਰਣ ਦੇ ਕੇ ਅਪਣੇ ਉੱਤਰ ਦੀ ਸਚਾਈ ਸਿਧ ਕਰੋ । *4*

18. ਲੋਕਤੰਤਰੀ ਅਤੇ ਅਧਿਕਾਰਕ (ਸਤੱਾਵਾਦੀ) ਰਾਜ ਦੇ ਦਰਮਿਆਨ ਅੰਤਰ ਸਪਸ਼ਟ ਕਰੋ । *2+2=4*

**ਜਾਂ**

ਭਾਈਚਾਰਕ ਪਛਾਣ ਕੀ ਹੁੰਦੀ ਹੈ ? ਭਾਰਤੀ ਨੀਤੀਆਂ ਰਾਸ਼ਟਰੀ ਪਹਿਚਾਨ ਨੂੰ ਕਿਵੇਂ ਉਤਸ਼ਾਹ ਦੇਂਦੀਆਂ ਹਨ ?

**19.** ਇਤਿਹਾਸਕ ਤੌਰ ਤੇ ਤਟਵਰਤੀ ਨਗਰ ਸਾਮਰਾਜਾਂ ਦੀ ਅਰਥਵਿਵਸਥਾ ਵਿਚ ਕੀ ਭੂਮਿਕਾ ਨਿਭਾਂਦੇ ਸਨ ? *4*

**20.** 'ਵੱਖੋ ਵੱਖ ਸਮਾਜ ਸੁਧਾਰ ਅੰਦੋਲਨ ਇਕੋ ਵਿਸ਼ੇ ਉਪਰ ਅਧਾਰਿਤ ਹੋਣ ਦੇ ਬਾਵਜੂਦ ਅਡੋ ਅਡ ਸਨ ।' ਵਿਆਖਿਆ ਕਰੋ । *4*

**21.** ਪੰਚਾਇਤਾਂ ਦੀਆਂ ਸਮਾਜਕ ਜੁਮੇਂਵਾਰੀਆਂ ਕੀ ਹੁੰਦੀਆਂ ਹਨ ? *4*

**22.** ਹਰਿਤ ਕਰਾਂਤੀ ਦੇ ਲਾਭ ਅਤੇ ਹਾਨੀਆਂ ਦਾ ਲੇਖਾ-ਜੋਖਾ ਕਰੋ । *3+3=6*

**23.** ਕੀ ਭੂਮੰਡਲੀ (ਗਲੋਬਲ) ਸੰਬੰਧ ਭਾਰਤ ਅਤੇ ਸੰਸਾਰ ਦੇ ਲਈ ਨਵੇਂ ਹਨ ? ਵਿਆਖਿਆ ਕਰੋ । *6*

**24.** ਖਾਣਾਂ ਵਿਚ ਕੰਮ ਕਰਨ ਦੇ ਹਾਲਾਤ ਮਜ਼ਦੂਰਾਂ ਦੇ ਲਈ ਕਿਵੇਂ ਹਾਨੀਕਾਰਕ ਹੈ ? *6*

**25.** ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠ ਦਿਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਭਾਰਤ ਵਿਚ 'ਅਯੋਗ', 'ਮੰਦਬੁੱਧੀ', 'ਅਸਮਰਥ', 'ਅਪੰਗ', 'ਅੰਨ੍ਹਾਂ' ਅਤੇ 'ਡੋਰਾ' ਜਹੇ ਵਿਸ਼ੇਸ਼ਣਾਂ ਦੀ ਵਰਤੋ ਲਗਭਗ ਇਕ ਹੀ ਭਾਵ ਨੂੰ ਦਰਸਾਣ ਦੇ ਲਈ ਕੀਤੀ ਜਾਂਦੀ ਹੈ । ਆਮਤੌਰ ਤੇ ਕਿਸੇ ਵਿਅਕਤੀ ਦੀ ਬੇਇਜ਼ਤੀ ਕਰਨ ਦੇ ਲਈ ਉਸ ਉਪਰ ਇਨ੍ਹਾਂ ਸ਼ਬਦਾਂ ਦੀ ਵਾਛੜ ਕੀਤੀ ਜਾਂਦੀ ਹੈ । ਇਕ ਅਜੇਹਾ ਸਭਿਆਚਾਰ ਜਿਸ ਵਿਚ ਸਰੀਰਕ 'ਸੰਪੂਰਨਤਾ' ਦਾ ਆਦਰ ਕੀਤਾ ਜਾਂਦਾ ਹੋਵੇ । 'ਪੂਰਾ ਸਰੀਰ' ਨਾ ਹੋਣ ਦਾ ਅਰਥ ਹੈ ਉਸ ਵਿਚ ਕੋਈ ਅਸਾਧਾਰਨਤਾ, ਦੋਸ਼ ਜਾਂ ਖਰਾਬੀ ਹੈ । 'ਵਿਚਾਰਾ' ਸ਼ਬਦ ਜਹੇ ਵਿਸ਼ੇਸ਼ਣਾ ਨਾਲ ਸੰਬੋਧਨ ਕਰਨ ਨਾਲ ਤਾਂ ਉਸਦੀ ਦੁਖੀ ਹਾਲਤ ਹੋਰ ਵੀ ਭਿਆਨਕ ਹੋ ਜਾਂਦੀ ਹੈ । ਅਜੇਹੀ ਸੋਚ ਦਾ ਮੂਲ ਕਾਰਨ ਉਸ ਸਭਿਆਚਾਰਕ ਧਾਰਨਾ ਵਿਚ ਸ਼ਾਮਲ ਹੈ ਜਿਹੜੀ ਅਸਮਰਥ ਜਾਂ ਦੋਸ਼ ਪੂਰਨ ਸਰੀਰ ਨੂੰ ਮੰਦੇ ਭਾਗਾਂ ਦਾ ਨਤੀਜਾ ਮੰਨਦੀ ਹੈ । ਕਿਸਮਤ ਨੂੰ ਕਸੂਰਵਾਰ ਅਤੇ ਅਯੋਗ ਵਿਅਕਤੀ ਨੂੰ ਉਸ ਦਾ ਸ਼ਿਕਾਰ ਮੰਨਿਆ ਜਾਂਦਾ ਹੈ । ਆਮ ਸੋਚ ਇਹ ਹੈ ਕਿ ਅੰਗਹੀਣਤਾ ਪੂਰਬਲੇ ਕਰਮਾਂ ਦਾ ਫਲ ਹੈ ਅਤੇ ਉਸ ਤੋਂ ਬਚਿਆ ਨਹੀਂ ਜਾ ਸਕਦਾ । ਇਸ ਤਰਾਂ ਭਾਰਤ ਵਿਚ ਪ੍ਰਚਲਿਤ ਪ੍ਰਮੁਖ ਸਭਿਆਚਾਰਕ ਧਾਰਨਾ ਅਤੇ ਬਣਤਰ ਵਿਕਲਾਂਗਤਾ ਨੂੰ

ਜ਼ਰੂਰੀ ਤੌਰ ਤੇ ਵਿਅਕਤੀ ਦੀ ਵਿਸ਼ੇਸ਼ ਹਾਲਤ ਮੰਨਦੀ ਹੈ ਜਿਸਨੂੰ ਉਸ ਵਿਅਕਤੀ ਨੂੰ ਭੁਗਤਣਾ ਪੈਂਦਾ ਹੈ । ਪੁਰਾਣਕ ਕਥਾਵਾਂ ਵਿਚ ਵਿਕਲਾਂਗ ਦਾ ਜੋ ਚਿੱਤਰਨ ਕੀਤਾ ਗਿਆ ਹੈ ਉਹ ਬਹੁਤ ਹੀ ਨਕਾਰਾਤਮਕ ਹੈ ।

ਸ਼ਬਦ 'ਅੰਗਹੀਣ' ਉਪਰਲੀਆਂ ਸਾਰੀਆਂ ਧਾਰਾਵਾਂ ਨੂੰ ਨਕਾਰਦਾ ਹੈ । 'ਮਾਨਸਕ ਵੰਗਾਰਿਆ ਜਾਂ ਮਾਨਸਕ ਰੂਪ ਵਿਚ ਚੁਣੌਤੀਗ੍ਰਸਤ' (mentally challenged), 'ਦ੍ਰਿਸ਼ਟੀ ਵਿਕਲਾਂਗ' (visually impaired) ਅਤੇ ਸਰੀਰਕ ਰੂਪ ਤੇ ਅਸਮਰਥ (physically impaired) ਜਹੇ ਸ਼ਬਦਾਂ ਦੀ ਵਰਤੋਂ ਹੁਣ ਪੁਰਾਣੇ ਘਿਸੇ ਪਿਟੀ ਨਕਾਰਾਤਮਕ ਭਾਵ ਵਾਲੇ ਸ਼ਬਦਾਂ ਜਿਵੇਂ ਕਿ 'ਮੰਦਬੁੱਧੀ', 'ਅਪੰਗ' ਜਾਂ 'ਲੰਗੜਾ-ਲੂਲਾ' ਆਦਿ ਦੇ ਥਾਂ ਕੀਤੀ ਜਾਣ ਲਗ ਪਈ ਹੈ । ਵਿਕਲਾਂਗ ਆਪਣੀ ਜੈਵਿਕ (biological) ਅਸਮਰਥਤਾ ਕਾਰਨ ਹੀ ਵਿਕਲਾਂਗ ਨਹੀਂ ਬਲਕਿ ਸਮਾਜ ਹੀ ਉਨ੍ਹਾਂ ਨੂੰ ਅਜੇਹਾ ਬਣਾਂਦਾ ਹੈ ।

(a) ਸਾਡੇ ਦੇਸ਼ ਵਿਚ ਅਸਮਰਥ ਸਮਾਜ ਕੌਣ ਬਣਾਂਦਾ ਹੈ ? *2*

(b) ਕੀ ਤੁਸੀਂ ਸੋਚਦੇ ਹੋ ਕਿ ਅਸਮਰਥ ਵਿਅਕਤੀ ਆਪਣੀ ਜੈਵਿਕ ਅਸਮਰਥਤਾ ਕਾਰਨ ਹੀ ਵਿਕਲਾਂਗ ਨਹੀਂ ਹੁੰਦੇ, ਬਲਕਿ ਸਮਾਜ ਹੀ ਉਨ੍ਹਾਂ ਨੂੰ ਅਜੇਹਾ ਬਣਾਂਦਾ ਹੈ ? ਵਿਆਖਿਆ ਕਰੋ । *4*